# VIGILANCE BUREAU NABS 19 EMPLOYEES DURING JUNE

(Five officials convicted by special courts)

Chandigarh, July 12: State Vigilance Bureau, during its ongoing campaign against corruption, has been able to nab 19 officers of different departments red handed while accepting bribes during the month of June, which included 9 police personnel, 3 of revenue department and 7 of other departments. All the apprehended officers/officials were booked under different provisions of the Prevention of Corruption Act, 1988.

Disclosing this an official spokesperson of the Vigilance Bureau said during the last month the special courts while deciding cases filed and contested by Vigilance Bureau had pronounced sentences from 3 to 10 years to the five accused in different cases.

He further added that during the month of June the special courts have convicted five government officers/officials in different bribery cases, in which Manjit Singh Peon posted at civil hospital Jalandhar has been convicted of 4 years imprisonment with fine of Rs. 5,000 by special court Jalandhar.

Likewise Harpreet Singh, a private person, has been convicted of 3 years imprisonment with fine of Rs. 5,000 by special court Ludhiana, Ashwani Kumar, Najar in Punjab Roadways Ludhiana, has been convicted of 4 years imprisonment with fine of Rs. 15000 by special court Ludhiana, whereas Jodha Singh and Balad Singh of Muktsar district were convicted of 10 years imprisonment with fine of Rs. 1,00,000 each by special court Mohali.

The spokesman said during the period Bureau has submitted 9 challans in the courts and 6 criminal cases have also been registered. In addition to this, 10 vigilance enquiries have also been registered to probe the allegations against the public servants thoroughly.

-----------------------

**ਵਿਜੀਲੈਂਸ ਬਿਊਰੋ ਪੰਜਾਬ**

**ਭ੍ਰਿਸ਼ਟਾਚਾਰ ਮਾਮਲੇ ਵਿਚ ਵਿਜੀਲੈਂਸ ਬਿਊਰੋ ਨੇ ਜੂਨ ਮਹੀਨੇ ਦੌਰਾਨ 19 ਮੁਲਾਜਮਾਂ ਨੂੰ ਕਾਬੂ ਕੀਤਾ**

- **5 ਦੋਸ਼ੀ ਮੁਲਾਜਮਾਂ ਨੂੰ ਅਦਾਲਤ ਵਲੋਂ ਸਜਾ**

**ਚੰਡੀਗੜ੍ਹ, 12 ਜੁਲਾਈ:**

ਵਿਜੀਲੈਂਸ ਬਿਊਰੋ ਪੰਜਾਬ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਜੂਨ ਮਹੀਨੇ ਦੌਰਾਨ ਕੁੱਲ 19 ਸਰਕਾਰੀ ਮੁਲਾਜਮਾ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਵਿਚ ਪੁਲਿਸ ਵਿਭਾਗ ਦੇ 9, ਮਾਲ ਵਿਭਾਗ ਦੇ 3 ਅਤੇ ਹੋਰਨਾ ਵਿਭਾਗਾਂ ਦੇ 7 ਮੁਲਾਜਮ ਸ਼ਾਮਲ ਹਨ।

ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਓਰੋ ਵਲੋਂ ਦਰਜ ਕੇਸਾਂ ਦੀ ਵੱਖ-ਵੱਖ ਅਦਾਲਤਾਂ ਵਿਚ ਪੈਰਵੀ ਦੌਰਾਨ ਵਿਸ਼ੇਸ਼ ਅਦਾਲਤਾਂ ਵਲੋਂ ਜੂਨ ਮਹੀਨੇ ਵਿਚ 4 ਮੁਕੱਦਮਿਆਂ ਵਿਚ 5 ਦੋਸ਼ੀਆਂ ਨੂੰ 3 ਸਾਲ ਤੋਂ ਲੈ ਕੇ 10 ਸਾਲ ਤੱਕ ਵੱਖ-ਵੱਖ ਸਜਾਵਾਂ ਅਤੇ ਜੁਰਮਾਨੇ ਕੀਤੇ ਗਏ ਹਨ।

ਇਸ ਸਬੰਧੀ ਬੁਲਾਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੂਨ ਮਹੀਨੇ ਦੌਰਾਨ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਵੱਖ-ਵੱਖ ਅਦਾਲਤਾਂ ਵਲੋਂ ਪੰਜ ਮੁਕੱਦਮਿਆਂ ਵਿਚ ਦੋਸ਼ੀਆਂ ਨੂੰ  ਸਜਾਵਾਂ ਤੇ ਜੁਰਮਾਨੇ ਕੀਤੇ ਗਏ ਜਿਨ੍ਹਾਂ ਵਿਚ ਸਿਵਲ ਹਸਪਤਾਲ ਜਲੰਧਰ ਵਿਖੇ ਤਾਇਨਾਤ ਸੇਵਾਦਾਰ ਮਨਜੀਤ ਸਿੰਘ ਨੂੰ ਸੈਸ਼ਨ ਜੱਜ ਜਲੰਧਰ ਵਲੋਂ 4 ਸਾਲ ਦੀ ਕੈਦ ਅਤੇ 5000 ਰੁਪਏ ਦਾ ਜੁਰਮਾਨੇ ਦੀ ਸਜਾ ਸੁਣਾਈ ਗਈ। ਇਸੇ ਤਰ੍ਹਾਂ ਪਟਵਾਰੀ ਨਾਲ ਤਾਇਨਾਤ ਇਕ ਪ੍ਰਾਇਵੇਟ ਵਿਅਕਤੀ ਹਰਪ੍ਰੀਤ ਸਿੰਘ ਨੂੰ ਸਪੈਸ਼ਲ ਜੱਜ ਲੁਧਿਆਣਾ ਵਲੋਂ 3 ਸਾਲ ਦੀ ਕੈਦ ਸਮੇਤ 5000 ਰੁਪਏ ਦੀ ਸਜਾ, ਪੰਜਾਬ ਰੋਡਵੇਜ ਲੁਧਿਆਣਾ ਵਿਖੇ ਤਾਇਨਾਤ ਨਾਜਰ ਅਸ਼ਵਨੀ ਕੁਮਾਰ ਨੂੰ ਐਡੀਸ਼ਨਲ ਸੈਸ਼ਨ ਜੱਜ ਲੁਧਿਆਣਾ ਵਲੋਂ 4 ਸਾਲ ਦੀ ਕੈਦ ਸਮੇਤ 15,000 ਰੁਪਏ ਦੀ ਸਜਾ, ਮੁਕਤਸਰ ਵਾਸੀ ਜੋਧਾ ਸਿੰਘ ਤੇ ਬਲਦ ਸਿੰਘ ਨੂੰ ਐਡੀਸ਼ਨਲ ਸੈਸ਼ਨ ਜੱਜ ਮੋਹਾਲੀ ਵਲੋਂ 10 ਸਾਲ ਦੀ ਕੈਦ ਸਮੇਤ ਇਕ-ਇਕ ਲੱਖ ਰੁਪਏ ਦੀ ਸਜਾ ਸੁਣਾਈ ਗਈ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਓਰੋ ਵਲੋਂ ਬੀਤੇ ਮਹੀਨੇ ਦੌਰਾਨ 10 ਵੱਖ-ਵੱਖ ਮਾਮਲਿਆਂ ਵਿੱਚ ਵਿਜੀਲੈਂਸ ਪੜਤਾਲਾਂ ਆਰੰਭੀਆਂ ਗਈਆਂ ਹਨ ਤਾਂ ਜੋ ਲਾਏ ਗਏ ਦੋਸਾਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਸਕੇ। ਇਸੇ ਦੌਰਾਨ ਬਿਓਰੋ ਵਲੋਂ ਵੱਖ-ਵੱਖ ਅਦਾਲਤਾਂ ਵਿਚ 9 ਚਲਾਨ ਪੇਸ਼ ਕੀਤੇ ਗਏ ਅਤੇ 6 ਫੌਜਦਾਰੀ ਮੁਕੱਦਮੇ ਦਰਜ ਕੀਤੇ ਗਏ।

---------------